

# ਜੇਮਜ਼ ਵੈੱਬ ਪੁਲਾੜੀ ਦੂਰਬੀਨ

## ਪੰਜਾਬੀ

ਦੁਨੀਆ ਭਰ ਦੇ ਖਗੋਲ ਵਿਗਿਆਨੀਆਂ ਖਾਤਰ ਸਭ ਤੋ ਅਗਾਹ ਵੱਧੂ ਤੇ ਨਵੀਂ ਦੂਰਬੀਨ ਹੋਵੇਗੀ, ਜਿਹੜੀ ਕਿ ਮੌਜੂਦਾ ਹੱਬਲ ਨਾਮੀ ਪੁਲਾੜੀ ਦੂਰਬੀਨ ਦੀਆਂ ਲਲਸਾਉਣ ਵਾਲਿਆਂ ਖੋਜਾਂ ਨੂੰ ਬੁਹਤ  ਅਗੇ ਵਧਾਏਗੀ ।

ਇਹ ਨਾਸਾ, ਯੁਰਪੀਅਨ ਪੁਲਾੜ ਸੰਸਥਾ ਤੇ ਕਨੇਡੀਅਨ ਪੁਲਾੜ ਸੰਸਥਾ ਦੇ ਸਹਿਯੋਗ ਨਾਲ ਬਣੀ ਹੈ।

ਪੁਲਾੜ ਵਿੱਚ ਹਲੇ ਤਕ ਇਹ ਸਭ ਤੋਂ ਵੱਡੀ ਦੂਰਬੀਨ ਹੈ, ਅਤੇ ਹੱਬਲ ਤੋਂ ਸੌ ਗੁਣਾ ਤਾਕਤਵਾਰ ਹੈ।

ਇੰਨੀ ਵੱਡੀ ਹੈ ਕਿ ਰਾਕੇਟ ਵਿੱਚ ਫਿੱਟ ਹੋਣ ਲਈ, ਇਹ ਓਰੀਗਾਮੀ ਦੀ ਤਰਾਂ ਇਕੱਠੀ ਹੁੰਦੀ ਹੈ ਤੇ ਪੁਲਾੜ ਪਹੁੰਚ ਕੇ ਟਰਾਂਸਫਾਰਮਰ ਦੀ ਤਰਾਂ ਖੁਲਦੀ ਹੈ ।

ਇਸ ਕੋਲ ਸੂਰਜ, ਧਰਤੀ ਅਤੇ ਚੰਦ ਦੀਆਂ ਇਨਫਰਾਰੈੱਡ ਕਿਰਨਾਂ ਦੇ ਬਚਾ ਖਾਤਰ ਪੰਜ ਤੈਹਾਂ ਵਾਲੀ ਢਾਲ ਹੈ ਜੋ ਕਿ ਐਸ-ਪੀ-ਐਫ (SPF) ਦਸ ਲੱਖ ਦੇ ਬਰਾਬਰ ਹੈ |

ਇਸ ਦੀ ਬੇਮਿਸਾਲ ਇਨਫਰਾਰੈੱਡ ਸੰਵੇਦਨਸ਼ੀਲਤਾ ਕਰਕੇ ਇਹ ਭੂਤਕਾਲ ਵਿੱਚ ੧੩.੫ ਅਰਬ ਵਰੇ ਦੇਖੇਗੀ ਕਿ ਵੱਡੇ ਧਮਾਕੇ (ਬਿਗ ਬੈਂਗ) ਉਪਰੰਤ ਤਾਰਾਸਮੂਹ ਕਿਵੇਂ ਬਣੇ |

ਇਹ ਦੂਰਬੀਨ ਧਰਤੀ ਤੋਂ ੧੫ ਲੱਖ ਕਿਲੋਮੀਟਰ ਟਿਕ ਕੇ ਸੂਰਜ ਦੇ ਆਲੇ ਦੁਆਲੇ ਘੁੰਮੇਗੀ (ਹੱਬਲ ਧਰਤੀ ਤੋਂ ੫੬੦ ਕਿਲੋਮੀਟਰ ਉਪਰ ਹੈ) |